بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਰਯਾ ਬੇਅਰੇ ਮਾਊਨਾ ਦੇ ਹਾਲਾਤ ਅਤੇ ਉਸ ਸਮੇਂ ਵਾਪਰਨ ਵਾਲਿਆਂ ਘਟਨਾਵਾਂ ਦਾ ਬਿਆਨ, ਦੁਨੀਆਂ ਦੇ ਮੌਜੂਦਾ ਹਾਲਾਤ ਸੰਬੰਧੀ ਅਹਮਦੀਆਂ ਨੂੰ ਖ਼ਾਸ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 07 ਜੂਨ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਸਰਯਾ ਬੇਅਰੇ ਮਾਊਨਾ ਦੇ ਪਿਛੋਕੜ ਸੰਬੰਧੀ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਲਿੱਖਦੇ ਹਨ ਕਿ ਕਬੀਲਾ ਸੁਲੈਮ ਅਤੇ ਗੱਤਫ਼ਾਨ ਅਰਬ ਦੇ ਵਿਚਕਾਰ ਨਜਦ ਵਿੱਚ ਆਬਾਦ ਸਨ ਅਤੇ ਮੁਸਲਮਾਨਾਂ ਦੇ ਖਿਲਾਫ ਕੁਰੇਸ਼ ਨਾਲ ਸਾਜ਼ ਬਾਜ਼ ਰੱਖਦੇ ਸਨ। ਕਬੀਲਾ ਬਨੂ ਆਮਿਰ ਦਾ ਇੱਕ ਸਰਦਾਰ ਅਬੂ ਬਰਾਅ ਆਮਿਰੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ। ਜਿਸ ਨੂੰ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਬਹੁਤ ਨਰਮੀ ਨਾਲ ਪ੍ਰਚਾਰ ਕੀਤਾ। ਉਸ ਨੇ ਸ਼ੌਕ ਅਤੇ ਧਿਆਨ ਨਾਲ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਸੁਣਿਆ। ਪਰ ਮੁਸਲਮਾਨ ਨਹੀਂ ਹੋਇਆ। ਪਰ ਉਸ ਨੇ ਆਪ ਤੋਂ ਬਿਨਤੀ ਕੀਤੀ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਉਸ ਦੇ ਨਾਲ ਕੁੱਝ ਲੋਕ ਭੇਜਣ। ਜੋ ਨਜਦ ਵਾਲਿਆਂ ਨੂੰ ਇਸਲਾਮ ਦਾ ਪ੍ਰਚਾਰ ਕਰਨ ਅਤੇ ਉਮੀਦ ਹੈ ਕਿ ਉਹ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਦਾਵਤ ਨੂੰ ਰੱਦ ਨਹੀਂ ਕਰਨਗੇ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਫ਼ਰਮਾਇਆ ਕਿ ਮੈਨੂੰ ਤਾਂ ਨਜਦ ਵਾਲਿਆਂ ਉੱਤੇ ਭਰੋਸਾ ਨਹੀਂ। ਅਬੂ ਬਰਾਅ ਨੇ ਹਿਫਾਜ਼ਤ ਦੀ ਜ਼ਮਾਨਤ ਦਿੱਤੀ ਕਿਉਂਕਿ ਉਹ ਇੱਕ ਕਬੀਲੇ ਦਾ ਸਰਦਾਰ ਅਤੇ ਪ੍ਰਭਾਵਸ਼ਾਲੀ ਵਿਅਕਤੀ ਸੀ। ਇਸ ਲਈ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਸ ਦਾ ਯਕੀਨ ਕਰ ਲਿਆ ਅਤੇ ਸਹਾਬਾ ਦੀ ਇੱਕ ਜਮਾਤ ਨਜਦ ਵੱਲ੍ਹ ਭੇਜ ਦਿੱਤੀ। ਬੁਖਾਰੀ ਵਿੱਚ ਆਉਂਦਾ ਹੈ ਕਿ ਰਾਅਲ ਅਤੇ ਜਕਵਾਨ ਆਦਿ ਦੇ ਕੁੱਝ ਲੋਕ ਆਪਣੇ ਆਪ ਨੂੰ ਮੁਸਲਮਾਨ ਪ੍ਰਕਟ ਕਰਕੇ ਅਤੇ ਆਪਣੀ ਕੌਮ ਵਿੱਚ ਇਸਲਾਮ ਦੇ ਵਿਰੋਧੀਆਂ ਦੇ ਖਿਲਾਫ ਮਦਦ ਲਈ ਆਪ ਸੱਲਲਾਹੁ ਅਲੈਹਿ ਵੱਸਲਮ ਦੀ ਸੇਵਾ ਵਿੱਚ ਬਿਨਤੀ ਲੈ ਕੇ ਆਏ ਸਨ। ਜਿਸ ਉੱਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇੱਕ ਜਮਾਤ ਭੇਜੀ ਸੀ। ਹੋ ਸਕਦਾ ਹੈ ਕਿ ਅਬੂ ਬਰਾਅ ਵੀ ਉਹਨਾਂ ਲੋਕਾਂ ਨਾਲ ਆਇਆ ਹੋਵੇ। ਸੋ, ਆਂਹਜ਼ਰਤ ਸੱਲਲਾਹੁ ਅਲੈਹਿ

ਵੱਸਲਮ ਨੇ ਸਫ਼ਰ 04 ਹਿਜਰੀ ਵਿੱਚ ਮਨਜ਼ਰ ਬਿਨ ਅਮਰ ਰਜ਼ੀ ਅੱਲਾਹ ਅੰਨਹੁ ਦੀ ਅਗਵਾਈ ਵਿੱਚ 70 ਸਹਾਬੀਆਂ ਦੀ ਇੱਕ ਜਮਾਤ ਭੇਜੀ। ਜਿਸ ਵਿੱਚ ਕਰੀਬ ਕਰੀਬ ਸਾਰੇ ਹੀ ਕੁਰਾਨ ਦੇ ਵਿਧਵਾਨ ਅਤੇ ਕੁਰਾਨ ਪੜ੍ਹਨ ਵਾਲੇ ਸਨ।

ਇਨ੍ਹਾਂ ਵੱਡਾ ਕਦਮ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਕੇਵਲ ਇਸਲਾਮ ਦੀ ਦਾਵਤ ਅਤੇ ਪ੍ਰਚਾਰ ਦਾ ਕਰਤੱਵ ਪੂਰਾ ਕਰਨ ਅਤੇ ਇਸਲਾਮ ਦੇ ਪ੍ਰਚਾਰ ਦਾ ਪਵਿੱਤਰ ਕੰਮ ਅੱਗੇ ਵਧਾਉਣ ਲਈ ਕੀਤਾ।

ਇਸ ਸਰਯਾ ਸੰਬੰਧੀ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਇੱਕ ਪੱਤਰ ਦਾ ਵੀ ਜ਼ਿਕਰ ਮਿਲਦਾ ਹੈ। ਜੋ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਆਮਿਰ ਬਿਨ ਤੁਫੈਲ ਦੇ ਨਾਂ ਲਿੱਖਿਆ ਸੀ। ਹਜ਼ਰਤ ਹਰਾਮ ਬਿਨ ਮਲਹਾਨ ਰਜ਼ੀ ਅੱਲਾਹ ਅੰਨਹੁ ਆਪਣੇ ਦੋ ਸਾਥੀਆਂ ਹਜ਼ਰਤ ਜ਼ੈਦ ਬਿਨ ਕਾਅਬ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਮਨਜ਼ਰ ਬਿਨ ਮੁਹੱਮਦ ਦੇ ਨਾਲ ਆਪ ਸੱਲਲਾਹੁ ਅਲੈਹਿ ਵੱਸਲਮ ਦਾ ਪੱਤਰ ਲੈ ਕੇ ਆਮਿਰ ਬਿਨ ਤੁਫੈਲ ਦੇ ਕੋਲ੍ਹ ਗਏ। ਉਹਨਾਂ ਨੇ ਸ਼ੁਰੂ ਵਿੱਚ ਤਾਂ ਮੁਨਾਫ਼ਿਕਾਂ ਵਾਂਗ ਸੇਵਾ ਕੀਤੀ। ਪਰ ਜੱਦ ਹਜ਼ਰਤ ਹਰਾਮ ਬਿਨ ਮਲਹਾਨ ਰਜ਼ੀ ਅੱਲਾਹ ਅੰਨਹੁ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ ਤਾਂ ਉੱਥੇ ਮੌਜੂਦ ਲੋਕਾਂ ਨੇ ਆਪਣੀ ਲੁੱਕੀ ਈਰਖਾ ਦਾ ਪ੍ਰਕਟਾਵਾ ਕੀਤਾ ਅਤੇ ਉਸ ਨਿਰਦੋਸ਼ ਸੰਦੇਸ਼ਵਾਹਕ ਨੂੰ ਪਿੱਛਲੇ ਪਾਸਿਓਂ ਨੇਜ਼ੇ ਦਾ ਵਾਰ ਕਰਕੇ ਢੇਰ ਕਰ ਦਿੱਤਾ। ਉਸ ਸਮੇਂ ਹਜ਼ਰਤ ਹਰਾਮ ਬਿਨ ਮਲਹਾਨ ਰਜ਼ੀ ਅੱਲਾਹ ਅੰਨਹੁ ਦੀ ਜ਼ੁਬਾਨ ਉੱਤੇ ਇਹ ਸ਼ਬਦ ਸਨ : ਅੱਲਾਹੁ ਅਕਬਰ ਕਾਅਬੇ ਦੇ ਰੱਬ ਦੀ ਸੌਂਹ ! ਮੈਂ ਤਾਂ ਆਪਣੀ ਮੁਰਾਦ ਨੂੰ ਪਹੁੰਚ ਗਿਆ। ਆਮਿਰ ਬਿਨ ਤੁਫੈਲ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਸੰਦੇਸ਼ਵਾਹਕ ਦੇ ਕਤਲ ਉੱਤੇ ਹੀ ਬਸ ਨਹੀਂ ਕੀਤਾ। ਸਗੋਂ ਉਸ ਦੇ ਬਾਦ ਕਬੀਲਾ ਆਮਿਰ ਦੇ ਲੋਕਾਂ ਨੂੰ ਉਕਸਾਇਆ ਕਿ ਉਸ ਮੁਸਲਮਾਨਾਂ ਦੀ ਬਾਕੀ ਜਮਾਤ ਉੱਤੇ ਵੀ ਹਮਲਾ ਕਰਨ। ਪਰ ਉਹਨਾਂ ਨੇ ਇੰਨਕਾਰ ਕਰ ਦਿੱਤਾ। ਇਸ ਉੱਤੇ ਆਮਿਰ ਨੇ ਕਬੀਲਾ ਬਨੂ ਸੂਲੇਮ ਵਿੱਚੋਂ ਬਨੂ ਰਾਅਲ, ਜ਼ਕਵਾਨ ਅਤੇ ਅਸਯਾ ਆਦਿ ਦੇ ਨਾਲ ਮਿਲ ਕੇ ਮੁਸਲਮਾਨਾਂ ਦੀ ਇਸ ਨਿੱਕੀ ਜਿਹੀ ਅਤੇ ਬੇਬੱਸ ਜਮਾਤ ਉੱਤੇ ਹਮਲਾ ਕਰ ਦਿੱਤਾ। ਮੁਸਲਮਾਨਾਂ ਨੇ ਜੱਦ ਉਹਨਾਂ ਵਹਸ਼ੀ ਜਾਨਵਰਾਂ ਨੂੰ ਕਿਹਾ ਕਿ ਸਾਨੂੰ ਤੁਹਾਡੇ ਨਾਲ ਕੋਈ ਦੁਸ਼ਮਨੀ ਨਹੀਂ ਹੈ। ਅਸੀਂ ਤਾਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵਲੋਂ ਤੁਹਾਡੇ ਨਾਲ ਲੜ੍ਹਨ ਨਹੀਂ। ਸਗੋਂ ਇੱਕ ਕੰਮ ਲਈ ਆਏ ਹਨ। ਪਰ ਉਹਨਾਂ ਨੇ ਇੱਕ ਨ ਸੁਣੀ ਅਤੇ ਸਭ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ।

ਇਸ ਸਰਯਾ ਵਿੱਚ ਹਜ਼ਰਤ ਆਮਿਰ ਬਿਨ ਫੂਹੇਰਾ ਰਜ਼ੀ ਅੱਲਾਹ ਅੰਨਹੁ ਦੀ ਸ਼ਹਾਦਤ ਦਾ ਜ਼ਿਕਰ ਇੰਝ ਮਿਲਦਾ ਹੈ। ਇਹ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੇ ਆਜ਼ਾਦ ਕੀਤੇ ਗੁਲਾਮ ਸਨ ਅਤੇ ਇਹਨਾਂ ਨੂੰ ਇਹ ਮਾਣ ਵੀ ਪ੍ਰਾਪਤ ਹੈ ਕਿ ਇਹ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੇ ਨਾਲ ਹਿਜਰਤ ਮਦੀਨਾ ਵਿੱਚ ਸ਼ਾਮਿਲ ਸਨ। ਇਹ ਵੀ ਬੇਅਰੇ ਮਾਊਨਾ ਵਿੱਚ ਸ਼ਹੀਦ ਹੋਏ ਸਨ। ਇਹਨਾਂ ਸੰਬੰਧੀ ਆਮਿਰ ਬਿਨ ਤੁਫੈਲ ਨੇ ਕਿਹਾ ਕਿ ਮੈਂ ਵੇਖਿਆ ਕਿ ਆਮਿਰ ਬਿਨ

ਫੂਹੇਰਾ ਕਤਲ ਕੀਤੇ ਜਾਣ ਦੇ ਬਾਦ ਆਕਾਸ਼ ਵੱਲ੍ਹ ਚੁੱਕੇ ਗਏ। ਇੱਥੇ ਤੱਕ ਕਿ ਆਕਾਸ਼ ਉਹਨਾਂ ਦੇ ਅਤੇ ਜ਼ਮੀਨ ਦੇ ਵਿਚਕਾਰ ਹੈ। ਫਿਰ ਉਹ ਜ਼ਮੀਨ ਉੱਤੇ ਉਤਾਰ ਦਿੱਤੇ ਗਏ।

ਇਹ ਹਾਲੇ ਮੁਸਲਮਾਨ ਨਹੀਂ ਹੋਇਆ ਸੀ ਅਤੇ ਉਸ ਨੇ ਇਹ ਨਜ਼ਾਰਾ ਵੇਖਿਆ। ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਨੂੰ ਉਹਨਾਂ ਦੀ ਖਬਰ ਪਹੁੰਚੀ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਹਨਾਂ ਦੇ ਕਤਲ ਕੀਤੇ ਜਾਣ ਦੀ ਖਬਰ ਸਹਾਬਾ ਨੂੰ ਦਿੱਤੀ ਅਤੇ ਫ਼ਰਮਾਇਆ : ਤੁਹਾਡੇ ਸਾਥੀ ਸ਼ਹੀਦ ਹੋ ਗਏ ਹਨ ਅਤੇ ਉਹਨਾਂ ਨੇ ਆਪਣੇ ਰੱਬ ਤੋਂ ਇਹ ਦੁਆ ਕੀਤੀ ਹੈ ਕਿ ਹੇ ਸਾਡੇ ਰੱਬ ! ਸਾਡੇ ਸੰਬੰਧੀ ਸਾਡੇ ਭਰਾਵਾਂ ਨੂੰ ਸੂਚਿਤ ਕਰਦੇ ਕਿ ਅਸੀਂ ਤੇਰੇ ਤੋਂ ਖੁਸ਼ ਹੋ ਗਏ ਅਤੇ ਤੂੰ ਸਾਡੇ ਤੋਂ ਖੁਸ਼ ਹੋ ਗਿਆ। ਸੋ, ਰੱਬ ਨੇ ਉਹਨਾਂ ਸੰਬੰਧੀ ਦੱਸ ਦਿੱਤਾ।

ਹਜ਼ਰਤ ਆਮਿਰ ਬਿਨ ਫੂਹੇਰਾ ਰਜ਼ੀ ਅੱਲਾਹ ਅੰਨਹੁ ਨੂੰ ਸ਼ਹੀਦ ਕਰਨ ਵਾਲੇ ਜੱਬਾਰ ਬਿਨ ਸਲਮੀ, ਜੋ ਬਾਦ ਵਿੱਚ ਮੁਸਲਮਾਨ ਹੋ ਗਏ ਸਨ, ਬਿਆਨ ਕਰਦੇ ਹਨ ਕਿ ਜਿਸ ਚੀਜ਼ ਨੇ ਮੈਨੂੰ ਇਸਲਾਮ ਵੱਲ੍ਹ ਪ੍ਰੇਰਿਤ ਕੀਤਾ। ਉਹ ਇਹ ਹੈ ਕਿ ਜੱਦ ਮੈਂ ਆਮਿਰ ਬਿਨ ਫੂਹੇਰਾ ਨੂੰ ਸ਼ਹੀਦ ਕੀਤਾ ਤਾਂ ਉਹਨਾਂ ਦੇ ਮੂੰਹੋਂ ਅਚਨਚੇਤ ਨਿਕਲਿਆ : ਕਾਅਬੇ ਦੇ ਰੱਬ ਦੀ ਕਸਮ ! ਮੈਂ ਕਾਮਯਾਬ ਹੋ ਗਿਆ। ਇਹ ਸ਼ਬਦ ਮੇਰੇ ਦਿਲ ਵਿੱਚ ਉਤਰ ਗਏ। ਮੈਂ ਸੋਚ ਵਿੱਚ ਪੈ ਗਿਆ ਕਿ ਆਖਿਰ ਇਹਨਾਂ ਸ਼ਬਦਾਂ ਦਾ ਕੀ ਅਰਥ ਹੋਵੇਗਾ ? ਮੈਂ ਬਾਦ ਵਿੱਚ ਲੋਕਾਂ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਮੈਨੂੰ ਪਤਾ ਲੱਗਿਆ ਕਿ ਮੁਸਲਮਾਨ ਰੱਬ ਦੀ ਰਾਹ ਵਿੱਚ ਜਾਨ ਦੇਣ ਨੂੰ ਸਭ ਤੋਂ ਵੱਡੀ ਕਾਮਯਾਬੀ ਖਿਆਲ ਕਰਦੇ ਹਨ ਅਤੇ ਇਸ ਗੱਲ੍ਹ ਦਾ ਮੇਰੇ ਉੱਤੇ ਅਜਿਹਾ ਪ੍ਰਭਾਵ ਪਿਆ ਕਿ ਮੈਂ ਮੁਸਲਮਾਨ ਹੋ ਗਿਆ।

ਇਸ ਸਰਯਾ ਵਿੱਚ ਸ਼ਾਮਿਲ ਹੋਣ ਵਾਲੇ ਸਾਰੇ ਸਹਾਬੀਆਂ ਦੇ ਨਾਂ, ਜੀਵਨੀ ਅਤੇ ਇਤਿਹਾਸ ਦੀਆਂ ਕਿਤਾਬਾਂ ਵਿੱਚ ਦਰਜ ਨਹੀਂ ਹਨ। ਫਿਰ ਵੀ 29 ਦੇ ਕਰੀਬ ਸ਼ਹੀਦਾਂ ਦੇ ਨਾਂ ਦਰਜ ਹਨ। ਜ਼ਿੰਦਾ ਬਚਣ ਵਾਲੇ ਸਹਾਬੀਆਂ ਸੰਬੰਧੀ ਲਿੱਖਿਆ ਹੈ ਕਿ ਸਰਯਾ ਵਿੱਚ ਸ਼ਾਮਿਲ ਹੋਣ ਵਾਲੇ ਸਹਾਬਾ ਵਿੱਚੋਂ ਦੋ ਵਿਅਕਤੀ ਹਜ਼ਰਤ ਅਮਰ ਬਿਨ ਉਮਯਾ ਜ਼ਮਰੀ ਰਜ਼ੀ ਅੱਲਾਹ ਅੰਨਹੁ ਅਤੇ ਮਨਜ਼ਰ ਬਿਨ ਮੁਹੰਮਦ ਰਜ਼ੀ ਅੱਲਾਹ ਅੰਨਹੁ ਸਨ। ਮਨਜ਼ਰ ਲੜ੍ਹਦੇ ਹੋਏ ਸ਼ਹੀਦ ਹੋ ਗਏ ਸਨ। ਜੱਦਕਿ ਆਮਿਰ ਬਿਨ ਤੁਫੈਲ ਨੇ ਆਪਣੀ ਮਾਂ ਵਲੋਂ ਇੱਕ ਗੁਲਾਮ ਨੂੰ ਆਜ਼ਾਦ ਕਰਨ ਦੀ ਮੰਗੀ ਹੋਈ ਮੰਨਤ ਕਰਕੇ ਹਜ਼ਰਤ ਅਮਰ ਦੇ ਕਬੀਲਾ ਮੁਜ਼ਰ ਨਾਲ ਸੰਬੰਧ ਰੱਖਣ ਕਰਕੇ ਅਰਬ ਦਸਤੂਰ ਅਨੁਸਾਰ ਉਹਨਾਂ ਦੇ ਮੱਥੇ ਦੇ ਕੁੱਝ ਵਾਲ ਕੱਟ ਕੇ ਆਜ਼ਾਦ ਛੱਡ ਦਿੱਤਾ। ਇੱਥੋਂ ਜਾਣ ਦੇ ਬਾਦ ਹਜ਼ਰਤ ਅਮਰ ਬਿਨ ਉਮਯਾ ਰਜ਼ੀ ਅੱਲਾਹ ਅੰਨਹੁ ਨੇ ਇੱਕ ਥਾਂ ਬਨੂ ਆਮਿਰ ਜਾਂ ਬਨੂ ਸੁਲੇਮ ਦੇ ਦੋ ਵਿਅਕਤੀਆਂ ਨੂੰ ਕਤਲ ਕਰ ਦਿੱਤਾ। ਜੱਦਕਿ ਇਹਨਾਂ ਦੋਵਾਂ ਕਬੀਲੀਆਂ ਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਇੱਕ ਸੰਧੀ ਹੇਠਾਂ ਅਮਨ ਦਿੱਤਾ ਹੋਇਆ ਸੀ। ਜਿਸ ਦਾ ਹਜ਼ਰਤ ਅਮਰ ਨੂੰ ਪਤਾ ਨਹੀਂ ਸੀ। ਸੋ, ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਹਨਾਂ ਦਾ ਖੂਨ ਬਹਾ ਦਿੱਤਾ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਸਹਾਬਾ ਨੂੰ ਘਟਨਾ ਰਜੀਅ ਅਤੇ

ਘਟਨਾ ਬੇਅਰੇ ਮਾਊਨਾ ਦੀ ਖਬਰ ਇੱਕੋ ਸਮੇਂ ਮਿਲੀ ਅਤੇ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਉਸ ਦਾ ਬਹੁਤ ਸਖਤ ਸਦਮਾ ਸੀ। ਅਜਿਹਾ ਸਦਮਾ ਆਪ ਸੱਲਲਾਹੁ ਅਲੈਹਿ ਵੱਸਲਮ ਨੂੰ ਪਹਿਲਾਂ ਕਦੇ ਨਹੀਂ ਹੋਇਆ ਸੀ ਅਤੇ ਨ ਬਾਦ ਵਿੱਚ ਕਦੇ ਹੋਇਆ।

80 ਸਹਾਬੀਆਂ ਦਾ ਇੰਝ ਧੋਖੇ ਨਾਲ ਅਚਾਨਕ ਕਤਲ ਹੋਣਾ ਅਤੇ ਸਹਾਬੀ ਵੀ ਉਹ ਜੋ ਕੁਰਾਨ ਦੇ ਹਾਫ਼ਜ਼ ਸਨ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਲਈ ਤਾਂ ਇਹ ਖਬਰ 80 ਪੁੱਤਰਾਂ ਦੇ ਕਤਲ ਦੀ ਖਬਰ ਦੇ ਬਰਾਬਰ ਸੀ। ਪਰ ਇਸਲਾਮ ਵਿੱਚ ਹਰ ਹਾਲ ਵਿੱਚ ਸਬਰ ਦਾ ਹੁਕਮ ਹੈ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇਹ ਖਬਰ ਸੁਣ ਕੇ اناللہوانااالیہراجعون ਪੜ੍ਹਿਆ ਅਤੇ ਫਿਰ ਇਹ ਸ਼ਬਦ ਫ਼ਰਮਾਉਂਦੇ ਹੋਏ ਚੁੱਪ ਹੋ ਗਏ ਕਿ ਇਹ ਅਬੂ ਬਰਾਅ ਦੇ ਕੰਮ ਹਨ। ਨਹੀਂ ਤਾਂ ਮੈਂ ਉਹਨਾਂ ਲੋਕਾਂ ਦੇ ਭੇਜਣ ਨੂੰ ਪਸੰਦ ਨਹੀਂ ਕਰਦਾ ਸੀ।

ਰਜੀਅ ਅਤੇ ਬੇਅਰੇ ਮਾਊਨਾ ਦੇ ਬਾਦ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਇੱਕ ਮਹੀਨੇ ਤੱਕ ਰੋਜ਼ ਸਵੇਰ ਦੀ ਨਮਾਜ਼ ਦੇ ਕਯਾਮ ਵਿੱਚ ਰੋ ਰੋ ਕੇ ਕਬੀਲਾ ਰਾਅਲ ਅਤੇ ਜਕਵਾਨ ਅਤੇ ਅਸਯਾ ਅਤੇ ਬਨੂ ਲਹਯਾਨ ਦੇ ਨਾਂ ਲੈ ਕੇ ਰੱਬ ਦੇ ਹਜ਼ੂਰ ਇਹ ਦੁਆ ਕੀਤੀ ਕਿ ਹੇ ਮੇਰੇ ਆਕਾ ਤੂੰ ਸਾਡੀ ਹਾਲਤ ਉੱਤੇ ਰਹਿਮ ਕਰ ਅਤੇ ਇਸਲਾਮ ਦੇ ਦੁਸ਼ਮਨਾਂ ਦੇ ਹੱਥ ਨੂੰ ਰੋਕ। ਜੋ ਤੇਰੇ ਦੀਨ ਨੂੰ ਮਿਟਾਉਣ ਲਈ ਇਸ ਬੇਰਹਿਮੀ ਅਤੇ ਕਠੋਰਤਾ ਨਾਲ ਬੇਗੁਨਾਹ ਮੁਸਲਮਾਨਾਂ ਦਾ ਲਹੂ ਬਹਾ ਰਹੇ ਹਨ।

ਖੁਤਬਾ ਜੁਮਾਅ ਦੇ ਅੰਤ ਉੱਤੇ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਜਿਵੇਂ ਕਿ ਮੈਂ ਹਮੇਸ਼ਾ ਤਹਰੀਕ ਕਰਨਾ ਫਲਸਤੀਨ ਦੇ ਮਜ਼ਲੂਮਾਂ ਲਈ ਦੁਆਵਾਂ ਜਾਰੀ ਰੱਖੋ। ਰੱਬ ਜ਼ਾਲਮਾਂ ਦੀ ਪਕੜ ਦੇ ਜਲਦ ਸਮਾਨ ਕਰੇ। ਮਾਸੂਮਾਂ ਨੂੰ ਵੀ ਉਸੇ ਤਰ੍ਹਾਂ ਕਤਲ ਕੀਤਾ ਜਾ ਰਿਹਾ ਹੈ। ਜਿਵੇਂ ਉਹਨਾਂ ਸਹਾਬੀਆਂ ਨੂੰ ਕਤਲ ਕੀਤਾ ਗਿਆ ਸੀ ਅਤੇ ਧੋਖੇ ਨਾਲ ਕਦੇ ਇੱਕ ਥਾਂ ਭੇਜ ਦਿੰਦੇ ਹਨ ਕਦੇ ਦੂਜੀ ਥਾਂ। ਫਿਰ ਉੱਥੇ ਬੰਬਾਰੀ ਕੀਤੀ ਜਾਂਦੀ ਹੈ। ਰੱਬ ਰਹਿਮ ਕਰੇ।

ਦੁਨੀਆਂ ਦੇ ਆਮ ਹਾਲਾਤ ਲਈ ਵੀ ਦੁਆ ਕਰੋ। ਦੁਨੀਆਂ ਬਹੁਤ ਤੇਜ਼ੀ ਨਾਲ ਤਬਾਹੀ ਵੱਲ੍ਹ ਜਾ ਰਹੀ ਹੈ ਅਤੇ ਜੰਗ ਵੱਲ੍ਹ ਜਾ ਰਹੀ ਹੈ। ਰੱਬ ਅਹਮਦੀਆਂ ਨੂੰ ਜੰਗ ਦੇ ਬੁਰੇ ਪ੍ਰਭਾਵਾਂ ਤੋਂ ਅਤੇ ਉਸ ਦੇ ਨੁਕਸਾਨ ਤੋਂ ਬਚਾਏ। ਪਾਕਿਸਤਾਨੀ ਅਹਮਦੀਆਂ ਲਈ ਵੀ ਖਾਸ ਤੌਰ ਉੱਤੇ ਦੁਆ ਕਰੋ। ਅੱਜ ਕੱਲ੍ਹ ਫਿਰ ਉਹਨਾਂ ਲਈ ਮੁਸ਼ਕਿਲਾਂ ਵੱਧ ਰਹੀਆਂ ਹਨ। ਰੱਬ ਰਹਿਮ ਕਰੇ ਅਤੇ ਜ਼ਾਲਮਾਂ ਤੋਂ ਉਹਨਾਂ ਨੂੰ ਵੀ ਮੁਕਤੀ ਦੁਆਏ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ